ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜ਼ਪੁਰ

ਪ੍ਰੈਸ ਨੋਟ 1

ਬੱਚਿਆਂ ਦੀ ਸੁਰੱਖਿਆ ਲਈ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਹੈਲਪਲਾਈਨ ਨੰਬਰ ਜਾਰੀ

ਕਰਫ਼ਿਊ ਦੌਰਾਨ ਜੇਕਰ ਕੋਈ ਬੱਚਾ ਮੁਸ਼ਕਿਲ ਵਿਚ ਫਸਿਆ ਹੈ ਤਾਂ ਜ਼ਿਲ੍ਹਾ ਬਾਲ ਸੁਰੱਖਿਆ ਦੇ ਮੋਬਾਇਲ ਨੰਬਰ 94173-30756 ਜਾਂ ਚਾਈਲਡ ਹੈਲਪਲਾਈਨ ਨੰ:1098 ਤੇ ਸੂਚਨਾ ਦਿੱਤੀ ਜਾ ਸਕਦੀ ਹੈ

ਫਿਰੋਜ਼ਪੁਰ 24 ਅਪ੍ਰੈਲ 2020 ( )

ਕੋਰੋਨਾ ਵਾਇਰਸ ਦੀ ਮਹਾਂਮਾਰੀ ਦੇ ਫੈਲਣ ਤੋਂ ਰੋਕਣ ਦੇ  ਮੱਦੇਨਜ਼ਰ ਲਗਾਏ ਗਏ ਕਰਫ਼ਿਊ ਦੌਰਾਨ ਬੱਚਿਆ ਦੀ ਸੁਰੱਖਿਆ ਲਈ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਫਿਰੋਜਪੁਰ ਵੱਲੋਂ ਹੈਲਪਲਾਈਨ ਨੰਬਰ ਜਾਰੀ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਰਤਨਦੀਪ ਸੰਧੂ ਨੇ ਕਿਹਾ ਕਿ ਜੇਕਰ ਕਰਫਿਊ/ਲਾਕਡਾਊਨ ਦੌਰਾਨ ਕਿਸੇ ਵੀ ਬੱਚੇ ਸਬੰਧੀ ਇਸ ਤਰ੍ਹਾਂ ਦੀ ਕੋਈ ਸੂਚਨਾ ਮਿਲਦੀ ਹੈ ਕਿ ਬੱਚਾ ਕਿਸੇ ਮੁਸ਼ਕਿਲ ਵਿੱਚ ਫਸਿਆ ਹੋਇਆ ਹੈ ਜਾਂ ਬੱਚੇ ਦਾ ਸ਼ੋਸ਼ਣ ਹੋ ਰਿਹਾ ਹੈ ਜਾਂ ਕੋਈ ਬੱਚਾ ਸਰੀਰਕ ਅਤੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਹੈ ਤਾਂ ਉਹ ਜ਼ਿਲ੍ਹਾ ਬਾਲ ਸੁਰੱਖਿਆ  ਦੇ ਮੋਬਾਇਲ ਨੰਬਰ 94173-30756, ਬਾਲ ਸੁਰੱਖਿਆ ਅਫਸਰ ਦੇ ਮੋਬਾਇਲ ਨੰਬਰ 98765-03979, 95929-12141 ਅਤੇ ਚਾਈਲਡ ਹੈਲਪਲਾਈਨ ਨੰਬਰ: 1098 ਤੇ ਸੰਪਰਕ ਕਰ ਸਕਦਾ ਹੈ।

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜ਼ਪੁਰ

ਪ੍ਰੈਸ ਨੋਟ 2
ਕਰੋਨਾ ਵਾਇਰਸ ਦੇ ਬਾਵਜੂਦ ਪਿਛਲੇ ਸਾਲ ਨਾਲੋਂ ਜ਼ਿਆਦਾ ਹੋਈ ਕਣਕ ਦੀ ਖ਼ਰੀਦ, ਲਿਫ਼ਟਿੰਗ ਵੀ ਹੋਈ ਤੇਜ਼: ਐਮ.ਡੀ. ਪਨਸਪ
ਪਨਸਪ ਦੇ ਮਨੈਜਿੰਗ ਡਾਇਰੈਕਟਰ ਸ੍ਰੀ ਰਾਮਬੀਰ ਨੇ ਮੋਗਾ, ਫਿਰੋਜ਼ਪੁਰ ਅਤੇ ਫ਼ਾਜ਼ਿਲਕਾ ਦੀ ਅਨਾਜ ਮੰਡੀਆਂ ਵਿਚ ਚੱਲ ਰਹੀ ਕਣਕ ਦੀ ਖ਼ਰੀਦ ਦੇ ਕੰਮਾਂ ਦਾ ਲਿਆ ਜਾਇਜ਼ਾ
ਕਿਹਾ, ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ, ਇੱਕ-ਇੱਕ ਦਾਣਾ ਖ਼ਰੀਦਣ ਲਈ ਵਚਨਬੱਧ ਹੈ ਸਰਕਾਰ
ਫਿਰੋਜ਼ਪੁਰ, 24 ਅਪ੍ਰੈਲ 2020.

ਕਰੋਨਾ ਵਾਇਰਸ ਦੀ ਮਹਾਂਮਾਰੀ ਦੇ ਬਾਵਜੂਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਯੋਗ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿਚ ਕੀਤੇ ਗਏ ਪੁਖ਼ਤਾ ਪ੍ਰਬੰਧਾਂ ਦੀ ਬਦੌਲਤ ਕਣਕ ਦੀ ਖ਼ਰੀਦ ਪਿਛਲੇ ਸਾਲ ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਹੋਈ ਹੈ। ਇਹ ਪ੍ਰਗਟਾਵਾ ਪਨਸਪ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਰਾਮਬੀਰ ਨੇ ਫਿਰੋਜ਼ਪੁਰ, ਫ਼ਾਜ਼ਿਲਕਾ ਅਤੇ ਮੋਗਾ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਦਾ ਦੌਰਾ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਇਸ ਵਾਰ ਬੰਪਰ ਪੈਦਾਵਾਰ ਦੀ ਬਦੌਲਤ ਮੰਡੀਆਂ ਵਿਚ ਪਿਛਲੇ ਸਾਲ ਦੇ ਮੁਕਾਬਲੇ ਜ਼ਿਆਦਾ ਕਣਕ ਦੀ ਆਮਦ ਹੋਈ ਹੈ ਪਰ ਕਰੋਨਾ ਵਾਇਰਸ ਦੀ ਵਜ਼੍ਹਾ ਨਾਲ ਚੱਲ ਰਹੀਆਂ ਦਿੱਕਤਾਂ ਦੇ ਬਾਵਜੂਦ ਇਸ ਵਾਰ ਖਰੀਦ ਵੀ ਪਿਛਲੇ ਸਾਲ ਨਾਲੋਂ ਜ਼ਿਆਦਾ ਹੋਈ ਹੈ।
ਪਨਸਪ ਦੇ ਮਨੈਜਿੰਗ ਡਾਇਰੈਕਟਰ ਸ੍ਰੀ ਰਾਮਬੀਰ ਨੇ ਫਿਰੋਜ਼ਪੁਰ ਛਾਉਣੀ, ਫਿਰੋਜ਼ਪੁਰ ਸ਼ਹਿਰ, ਤਲਵੰਡੀ ਭਾਈ, ਗੁਰੂਹਰਸਹਾਏ ਅਤੇ ਲੱਖੋ ਕੇ ਬਹਿਰਾਮ ਦੀਆਂ ਦਾਣਾ ਮੰਡੀਆਂ ਦਾ ਦੌਰਾ ਕੀਤਾ। ਇੱਥੇ ਉਨ੍ਹਾਂ ਕਿਸਾਨਾਂ ਅਤੇ ਆੜ੍ਹਤੀਆਂ ਨਾਲ ਗੱਲਬਾਤ ਕੀਤੀ, ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿਚ ਸੋਸ਼ਲ ਡਿਸਟੇਂਸਿੰਗ ਨੂੰ ਲੈ ਕੇ ਕੀਤੇ ਗਏ ਪ੍ਰਬੰਧਾਂ ਦੀ ਪ੍ਰਸੰਸਾ ਕੀਤੀ।
ਸ੍ਰੀ ਰਾਮਬੀਰ ਨੇ ਦੱਸਿਆ ਕਿ ਪਿਛਲੇ ਸਾਲ 23 ਅਪ੍ਰੈਲ ਤੱਕ ਪੰਜਾਬ ਦੀਆਂ ਮੰਡੀਆਂ ਵਿਚ 12 ਲੱਖ 85 ਹਜ਼ਾਰ 981 ਮੀਟਰਿਕ ਟਨ ਕਣਕ ਦੀ ਖ਼ਰੀਦ ਹੋਈ ਹੈ ਜਦਕਿ ਇਸ ਸਾਲ 23 ਅਪ੍ਰੈਲ 2020. ਤੱਕ ਮੰਡੀਆਂ ਵਿਚ 27 ਲੱਖ 97 ਹਜ਼ਾਰ 108 ਮੀਟਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ ਜੋ ਕਿ ਪਿਛਲੇ ਸਾਲ ਦੀ ਖ਼ਰੀਦ ਤੋਂ ਕਾਫ਼ੀ ਜ਼ਿਆਦਾ ਹੈ। ਹੁਣ ਇਸ ਵਾਰ 23 ਅਪ੍ਰੈਲ ਤੱਕ ਅਨੁਮਾਨਿਤ ਆਮਦ 30 ਲੱਖ 10 ਹਜ਼ਾਰ 30 ਮੀਟਰਿਕ ਟਨ ਰਹੀ ਹੈ ਜੋ ਕਿ ਪਿਛਲੇ ਸਾਲ ਦੀ ਆਮਦ ਨਾਲੋਂ ਜ਼ਿਆਦਾ ਹੈ।
ਜ਼ਿਲ੍ਹਾ ਵਾਰ ਖ਼ਰੀਦ ਦੀ ਜਾਣਕਾਰੀ ਦਿੰਦੇ ਹੋਏ ਸ੍ਰੀ ਰਾਮਬੀਰ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ 17,868 ਮੀਟਰ ਟਨ, ਬਰਨਾਲਾ ਵਿਚ 173460, ਬਠਿੰਡਾ ਵਿਚ 261272, ਫ਼ਰੀਦਕੋਟ ਵਿਚ 203880, ਫ਼ਤਿਹਗੜ੍ਹ ਸਾਹਿਬ ਵਿਚ 40,035, ਫ਼ਾਜ਼ਿਲਕਾ ਵਿਚ 116473, ਫਿਰੋਜ਼ਪੁਰ ਵਿਚ 175149, ਗੁਰਦਾਸਪੁਰ ਵਿਚ 30829, ਹੁਸ਼ਿਆਰਪੁਰ ਵਿਚ 26479, ਜਲੰਧਰ ਵਿਚ 1,00,840, ਕਪੂਰਥਲਾ ਵਿਚ 71,411, ਲੁਧਿਆਣਾ ਵਿਚ 2,11,131, ਮਾਨਸਾ ਵਿਚ 1,81,708, ਮੋਗਾ ਵਿਚ 1,11,107, ਸ੍ਰੀ ਮੁਕਤਸਰ ਸਾਹਿਬ ਵਿਚ 1,80,332, ਨਵਾਂਸ਼ਹਿਰ ਵਿਚ 41,814, ਪਠਾਨਕੋਟ ਵਿਚ 1303, ਪਟਿਆਲਾ ਵਿਚ 3,42,296, ਰੂਪਨਗਰ ਵਿਚ 27,977, ਸੰਗਰੂਰ ਵਿਚ 3,96,856, ਐਸਏਐਸ ਨਗਰ ਵਿਚ 42,064 ਅਤੇ ਤਰਨਤਾਰਨ ਵਿਚ 41,824 ਮੀਟਰਿਕ ਟਨ ਕਣਕ ਦੀ ਖ਼ਰੀਦ 23 ਅਪ੍ਰੈਲ 2020. ਤੱਕ ਹੋ ਚੁੱਕੀ ਹੈ। ਇਸ ਵਾਰ ਪਨਗ੍ਰੇਨ ਨੇ ਸੈਂਟਰਲ ਪੂਲ ਦੇ ਲਈ 21.8 ਪ੍ਰਤੀਸ਼ਤ ਖ਼ਰੀਦ ਕੀਤੀ ਗਈ ਹੈ ਜਦਕਿ ਮਾਰਕਫੈੱਡ ਨੇ 28.5 ਪ੍ਰਤੀਸ਼ਤ ਪਨਸਪ ਨੇ 22.0 ਪ੍ਰਤੀਸ਼ਤ, ਪੀਐਸਡਬਲਿਯੂਸੀ ਨੇ 14.4 ਪ੍ਰਤੀਸ਼ਤ, ਐਫਸੀਆਈ ਨੇ 8.7 ਪ੍ਰਤੀਸ਼ਤ ਸੈਂਟਰਲ ਪੂਲ ਦੇ ਲਈ ਕੁਲ ਖ਼ਰੀਦ 92.4 ਪ੍ਰਤੀਸ਼ਤ, ਪਨਗ੍ਰੇਨ ਨੇ ਡੀਸੀਪੀ ਦੇ ਲਈ ਖਰੀਦ 7.4 ਪ੍ਰਤੀਸ਼ਤ ਅਤੇ ਪ੍ਰਾਈਵੇਟ ਟਰੈਡਰਸ ਨੇ 0.2 ਪ੍ਰਤੀਸ਼ਤ ਖਰੀਦ ਕਰ ਲਈ ਹੈ।
ਸ੍ਰੀ ਰਾਮਬੀਰ ਨੇ ਕਿਹਾ ਕਿ ਸਰਕਾਰ ਵੱਲੋਂ ਕਰੋਨਾ ਵਾਇਰਸ ਨੂੰ ਲੈ ਕੇ ਲਗਾਏ ਗਏ ਕਰਫ਼ਿਊ ਦੇ ਬਾਵਜੂਦ ਮੰਡੀਆਂ ਵਿਚ ਕਿਸਾਨਾਂ ਦੇ ਲਈ

ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਖ਼ਰੀਦ ਅਤੇ ਲਿਫ਼ਟਿੰਗ ਦੋਨੋਂ ਤੇਜ਼ੀ ਨਾਲ ਚੱਲ ਰਹੀਆਂ ਹਨ। ਕਿਸਾਨਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ ਇਹ ਸੁਨਿਸ਼ਚਿਤ ਕਰਨ ਦੇ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਕਰਮਚਾਰੀਆਂ ਦੀਆਂ ਮੰਡੀਆਂ ਵਿਚ ਡਿਊਟੀਆਂ ਲਗਾਈਆਂ ਗਈਆਂ ਹਨ। ਡਿਪਟੀ ਕਮਿਸ਼ਨਰ ਸ. ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਵਾਰ ਕਰੋਨਾ ਵਾਇਰਸ ਦੀ ਮਹਾਂਮਾਰੀ ਦੇ ਮੱਦੇਨਜ਼ਰ ਮੰਡੀਆਂ ਵਿਚ ਖ਼ਾਸ ਪ੍ਰਬੰਧ ਕੀਤੇ ਗਏ ਹਨ। ਜ਼ਿਲ੍ਹੇ ਵਿਚ ਇਸ ਵਾਰ 226 ਖ਼ਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ। ਕਿਸਾਨਾਂ ਨੂੰ ਮੰਡੀਆਂ ਵਿਚ ਫ਼ਸਲ ਲਿਆਉਣ ਲਈ ਪਾਸ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਆਉਣ ਵਾਲੀ ਹਰ ਟਰਾਲੀ ਨੂੰ ਸੈਨੇਟਾਈਜ਼ ਕੀਤਾ ਜਾ ਰਿਹਾ ਹੈ। ਕਿਸਾਨਾਂ ਅਤੇ ਲੇਬਰ ਦੇ ਲਈ ਹੱਥ ਧੋਣ, ਮਾਸਕ ਪਹਿਨਣ ਅਤੇ ਸਮਾਜਿਕ ਦੂਰੀ ਦਾ ਖ਼ਾਸ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਕਣਕ ਦੀ ਖ਼ਰੀਦ ਬਿਲਕੁਲ ਠੀਕ ਚੱਲ ਰਹੀ ਹੈ ਅਤੇ ਲਿਫ਼ਟਿੰਗ ਵੀ ਤੇਜ਼ੀ ਨਾਲ ਸ਼ੁਰੂ ਹੋ ਗਈ ਹੈ।

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜ਼ਪੁਰ

ਪ੍ਰੈਸ ਨੋਟ 3

ਕੋਰੋਨਾ ਵਾਇਰਸ ਨੂੰ ਲੈ ਕੇ ਕੰਟੇਨਮੇਂਟ ਜੌਨ ਘੋਸ਼ਿਤ ਹੋਣ ਵਾਲੇ ਇਲਾਕਿਆਂ ਵਿਚ ਗਾਰਬੇਜ਼ ਕਲੈਕਸ਼ਨ ਲਈ ਸਪੈਸ਼ਲ ਵਹੀਕਲ ਲਾਂਚ

ਨਗਰ ਕਾਊਂਸਲ ਪੋਜ਼ਿਟਿਵ ਕੇਸ ਮਿਲਣ ਦੀ ਸੂਰਤ ਵਿਚ ਕੰਟੇਨਮੇਂਟ ਜੌਨ ਘੋਸ਼ਿਤ ਹੋਣ ਵਾਲੇ ਇਲਾਕਿਆਂ ਵਿਚ ਵੱਖਰੇ ਤੌਰ ਤੇ ਕਰਵਾਏਗਾ ਗਾਰਬੇਜ਼ ਕਲੈਕਸ਼ਨ ਅਤੇ ਡਿਸਪੋਜ਼ਲ

ਫਿਰੋਜ਼ਪੁਰ 24 ਅਪ੍ਰੈਲ ( ) ਕੋਰੋਨਾ ਵਾਇਰਸ ਦੇ ਮਿਲਣ ਤੋਂ ਬਾਅਦ ਕੰਟੇਨਮੇਂਟ ਜੌਨ ਘੋਸ਼ਿਤ ਹੋਣ ਵਾਲੇ ਇਲਾਕਿਆਂ ਵਿਚ ਗਾਰਬੇਜ਼ ਕਲੈਕਸ਼ਨ ਅਤੇ ਡਿਸਪੋਜ਼ਲ ਲਈ ਨਗਰ ਕਾਊਂਸਲ ਵੱਲੋਂ ਇੱਕ ਸਪੈਸ਼ਲ ਵਹੀਕਲ ਤਿਆਰ ਕੀਤਾ ਗਿਆ ਹੈ, ਜਿਸ ਨੂੰ ਸ਼ੁੱਕਰਵਾਰ ਨੂੰ ਐਸਡੀਐਮ ਅਮਿੱਤ ਗੁਪਤਾ ਨੇ ਲਾਂਚ ਕੀਤਾ।

ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਐਸਡੀਐਮ ਸ੍ਰੀ ਅਮਿੱਤ ਗੁਪਤਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਦੇ ਅਨੁਸਾਰ ਨਗਰ ਕਾਊਂਸਲ ਫਿਰੋਜ਼ਪੁਰ ਵੱਲੋਂ ਇੱਕ ਵੱਖਰਾ ਯਤਨ ਕੀਤਾ ਗਿਆ ਹੈ। ਇੱਕ ਵੱਖਰਾ ਗਾਰਬੇਜ਼ ਕਲੈਕਸ਼ਨ ਵਹੀਕਲ ਤਿਆਰ ਕਰਵਾਇਆ ਗਿਆ ਹੈ, ਜੋ ਕਿ ਸਿਰਫ਼ ਤੇ ਸਿਰਫ਼ ਕੰਟੇਨਮੇਂਟ ਜੌਨ ਘੋਸ਼ਿਤ ਹੋਣ ਵਾਲੇ ਇਲਾਕਿਆਂ ਵਿਚ ਗਾਰਬੇਜ਼ ਕਲੈਕਸ਼ਨ ਕਰੇਗਾ। ਇਸ ਵਹੀਕਲ ਨੂੰ ਚਲਾਉਣ ਅਤੇ ਗਾਰਬੇਜ਼ ਦੇ ਨਿਪਟਾਰੇ ਲਈ ਪੰਜ ਮੁਲਾਜ਼ਮਾਂ ਨੂੰ ਸਪੈਸ਼ਲ ਟਰੇਨਿੰਗ ਦਿੱਤੀ ਗਈ ਹੈ, ਜੋ ਕਿ ਪੀਪੀਈ ਕਿੱਟਾਂ ਪਾ ਕੇ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਨਿਯਮਾਂ ਮੁਤਾਬਿਕ ਜਦੋਂ ਕਿਸੇ ਇਲਾਕੇ ਵਿਚ ਕੋਰੋਨਾ ਪੋਜ਼ਿਟਿਵ ਮਰੀਜ਼ ਮਿਲਦਾ ਹੈ ਤਾਂ ਉਸ ਇਲਾਕੇ ਨੂੰ ਕੰਟੇਨਮੇਂਟ ਜੌਨ ਘੋਸ਼ਿਤ ਕਰ ਕੇ ਸੀਲ ਕਰ ਦਿੱਤਾ ਜਾਂਦਾ ਹੈ।

ਐਸਡੀਐਮ ਨੇ ਅੱਗੇ ਦੱਸਿਆ ਕਿ ਜੇਕਰ ਸ਼ਹਿਰ ਵਿਚ ਕੋਈ ਇਹੋ ਜਿਹਾ ਇਲਾਕਾ ਸਾਹਮਣੇ ਆਉਂਦਾ ਹੈ ਤਾਂ ਉੱਥੇ ਖ਼ਾਸ ਤੌਰ ਤੇ ਤਿਆਰ ਕੀਤੇ ਗਏ ਇਹ ਵਹੀਕਲ ਹੀ ਗਾਰਬੇਜ਼ ਕਲੈਕਸ਼ਨ ਕਰਨਗੇ। ਉਨ੍ਹਾਂ ਦੱਸਿਆ ਕਿ ਇਹ ਗਾਰਬੇਜ਼ ਵਹੀਕਲ ਕਿਸੇ ਹੋਰ ਇਲਾਕੇ ਵਿਚ ਨਹੀਂ ਲਗਾਇਆ ਜਾਵੇਗਾ ਅਤੇ ਨਾਂ ਹੀ ਇਸ ਵਹੀਕਲ ਦੇ ਨਾਲ ਡਿਊਟੀ ਕਰ ਰਹੇ ਮੁਲਾਜ਼ਮ ਕਿਸੇ ਹੋਰ ਇਲਾਕੇ ਵਿਚ ਕੰਮ ਕਰਨਗੇ। ਇਸ ਤੋਂ ਇਲਾਵਾ ਕੰਟੇਨਮੇਂਟ ਇਲਾਕੇ ਵਿਚ ਲੋਕਾਂ ਨੂੰ ਪੀਲੇ ਰੰਗ ਦੇ ਵੱਖਰੇ ਬੈਗ ਵੀ ਦਿੱਤੇ ਜਾਣਗੇ, ਜਿਸ ਵਿਚ ਉਹ ਕੂੜਾ ਇਕੱਠਾ ਕਰਨਗੇ। ਇਸ ਕੂੜੇ ਨੂੰ ਜਾ ਤਾਂ ਇੰਸੀਨੇਟਰ ਵਿਚ ਨਸ਼ਟ ਕੀਤਾ ਜਾਵੇਗਾ ਜਾ ਫਿਰ ਜ਼ਮੀਨ ਦੀ ਗਹਿਰਾਈ ਵਿਚ ਦੱਬਿਆ ਜਾਵੇਗਾ ਤਾਂ ਜੋ ਇਹ ਕੂੜਾ ਕਿਸੇ ਦੂਸਰੀ ਚੀਜ਼ ਦੇ ਸੰਪਰਕ ਵਿਚ ਨਾ ਆਵੇ। ਉਨ੍ਹਾਂ ਦੱਸਿਆ ਕਿ ਕੰਟੇਨਮੇਂਟ ਜੌਨ ਤੋਂ ਮਿਲਣ ਵਾਲੇ ਕੂੜੇ ਨੂੰ ਬਾਇਓ-ਮੈਡੀਕਲ ਵੇਸਟ ਦੀ ਤਰ੍ਹਾਂ ਹੀ ਟਰੀਟ ਕੀਤਾ ਜਾਵੇਗਾ। ਇਨ੍ਹਾਂ ਵਹੀਕਲਾਂ ਨੂੰ ਲਗਾਤਾਰ ਕੀਟਨਾਸ਼ਕ ਸਪਰੇਅ ਕੀਤਾ ਜਾਵੇਗਾ। ਇਸ ਮੌਕੇ ਕਾਊਂਸਲ ਦੇ ਈਓ ਪਰਮਿੰਦਰ ਸਿੰਘ ਸੁਖੀਜਾ, ਸੈਨੇਟਰੀ ਇੰਸਪੈਕਟਰ ਸੁਖਪਾਲ ਸਿੰਘ ਹਾਜ਼ਰ ਸਨ।